SED-EDU401/21/2025-6EDU4 I/1176964/2025

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ 4 ਸ਼ਾਖਾ)

**(ਪੰਜਾਬ ਦੇ ਰਾਜਪਾਲ ਜੀ ਦੇ ਆਦੇਸ਼)**

ਸ੍ਰੀ ਬ੍ਰਿਜ ਮੋਹਨ ਸਿੰਘ ਬੇਦੀ ਤਦ ਜਿਲਾ ਸਿੱਖਿਆ ਅਫਸਰ (ਸੈਸਿ), ਫਾਜ਼ਿਲਕਾ ਮੌਜੂਦਾ ਤੈਨਾਤੀ ਦਫਤਰ ਸਕੱਤਰ ਸਕੂਲ ਸਿੱਖਿਆ ਨੇ 60 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਮਿਤੀ 30.04.2025 ਨੂੰ ਸੇਵਾ ਨਿਵਰਿਤ ਹੋਣਾ ਸੀ। ਉਨਾਂ ਵੱਲੋਂ ਸਟੇਟ ਐਵਾਰਡੀ ਹੋਣ ਕਾਰਨ ਮਿਤੀ 01.05.2025 ਤੋਂ 30.04.2026 ਤੱਕ ਵਾਧਾ ਲੈਣ ਲਈ ਪੋਰਟਲ ਤੇ ਪ੍ਰਤੀਬੇਨਤੀ ਪ੍ਰਾਪਤ ਹੋਈ ਸੀ।

2. ਅਧਿਕਾਰੀ ਵੱਲੋਂ ਮਿਤੀ 14.02.2025 ਨੂੰ ਆਨਲਾਈਨ ਪੋਰਟਲ ਤੇ ਸਟੇਟ ਐਵਾਰਡੀ ਹੋਣ ਕਾਰਨ ਮਿਤੀ 01.05.2025 ਤੋਂ 30.04.2026 ਤੱਕ ਸੇਵਾਕਾਲ ਵਿੱਚ ਵਾਧੇ ਲਈ ਅਪਲਾਈ ਕੀਤਾ ਗਿਆ। ਕਿਉਂ ਕਿ ਸਬੰਧਿਤ ਅਧਿਕਾਰੀ ਵਿਰੁੱਧ ਵਿਭਾਗ ਵਿੱਚ ਕਾਫੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨਾਂ ਦੇ ਮੁੱਦੇ ਕਾਫੀ ਗੰਭੀਰ ਹਨ। ਇਸ ਲਈ ਸਰਕਾਰ ਵੱਲੋਂ ਅਧਿਕਾਰੀ ਦੇ ਕੇਸ ਨੂੰ ਵਿਚਾਰਨ ਉਪਰੰਤ ਸ੍ਰੀ ਬ੍ਰਿਜ ਮੋਹਨ ਸਿੰਘ ਬੇਦੀ, ਜਿਲਾ ਸਿੱਖਿਆ ਅਫਸਰ (ਸੈਸਿ), ਫਾਜ਼ਿਲਕਾ ਮੌਜੂਦਾ ਤੈਨਾਤੀ ਦਫਤਰ ਸਕੱਤਰ ਸਕੂਲ ਸਿੱਖਿਆ ਨੂੰ ਮਿਤੀ 01.05.2025 ਤੋਂ 30.04.2026 ਤੱਕ ਸੇਵਾਕਾਲ ਵਿੱਚ ਵਾਧੇ ਲਈ ਦਿੱਤੀ ਗਈ ਪ੍ਰਤੀਬੇਨਤੀ ਨੂੰ ਰੱਦ ਕੀਤਾ ਜਾਂਦਾ ਹੈ।

3. ਇਹ ਪੱਤਰ ਸਮਰੱਥ ਅਥਾਰਿਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾ ਰਿਹਾ ਹੈ।

ਮਿਤੀ, ਚੰਡੀਗੜ੍ਹ:
14.08.2025

ਅਨਿੰਦਿਤਾ ਮਿਤਰਾ, ਆਈ.ਐਸ.ਏ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ ।

ਪਿੰਠ.ਅੰਕਣ.ਨੰ:/ ਮਿਤੀ,ਚੰਡੀਗੜ੍ਹ: 14.08.2025

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ (ਲੇਖਾ ਤੇ ਹਕਦਾਰੀ), ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ 8 ਮੋਹਾਲੀ।
3. ਜਿਲਾ ਖਜਾਨਾ ਅਫਸਰ, ਫਾਜ਼ਿਲਕਾ
4. ਜਿਲਾ ਸਿੱਖਿਆ ਅਫਸਰ (ਸੈ.ਸਿ.), ਫਾਜ਼ਿਲਕਾ
5. ਡੀ.ਐਮ.ਐਮ.ਆਈ .ਐਸ. ਵਿੰਗ ਦਫਤਰ ਡੀ.ਜੀ.ਐਸ.ਈ. ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇ।
6. ਸ੍ਰੀ ਬ੍ਰਿਜ ਮੋਹਨ ਸਿੰਘ ਬੇਦੀ, ਤਦ ਜਿ.ਸਿ.ਅਫਸਰ (ਸੈਸਿ), ਫਾਜ਼ਿਲਕਾ ਮੌਜੂਦਾ ਤੈਨਾਤੀ ਦਫਤਰ ਸਕੱਤਰ ਸਕੂਲ ਸਿੱਖਿਆ ਮਾਰਫਤ ਜਿਲਾ ਸਿੱਖਿਆ ਅਫਸਰ (ਸੈ.ਸਿ) ਫਾਜ਼ਿਲਕਾ।

ਅਧੀਨ ਸਕੱਤਰ, ਸਕੂਲ ਸਿੱਖਿਆ ਵਿਭਾਗ।